**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**
**Tel. No. : 0172-5015876, 5015862**
**E-mail : ssapunjab.mis@gmail.com, epunjab.mis@gmail.com**
**website : www.ssapunjab.org / www.epunjabschool.gov.in**

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ
ਸਮੂਹ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਮੁਖੀ, ਪੰਜਾਬ

ਮੀਮੋ ਨੰ :- ਸਸਅ/2013/ਐਮ.ਆਈ.ਐਸ./ਈ-ਪੰਜਾਬ/1662
ਮਿਤੀ : ਚੰਡੀਗੜ੍ਹ 28 ਜਨਵਰੀ, 2013

**ਵਿਸ਼ਾ : www.epunjabschool.gov.in ਉੱਤੇ ਡਾਟਾ ਅਪਡੇਟ ਕਰਨ ਸਬੰਧੀ।**

1) ਸਿੱਖਿਆ ਵਿਭਾਗ, ਪੰਜਾਬ ਵਲੋਂ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਦੇ ਬੁਨਿਆਦੀ ਢਾਂਚੇ ਆਦਿ ਸਬੰਧੀ ਜਾਣਕਾਰੀ ਨੂੰ ਆਨਲਾਈਨ ਕਰਨ ਲਈ www.epunjabschool.gov.in ਨਾਂ ਦਾ ਵੈਬ-ਪੋਰਟਲ ਬਣਾਇਆ ਗਿਆ ਹੈ ਅਤੇ ਇਸ ਪੋਰਟਲ ਉੱਤੇ ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਲੋਂ ਦਸੰਬਰ, 2012 ਤੱਕ ਦੇ ਆਂਕੜੇ ਪਹਿਲਾਂ ਹੀ ਦਰਜ ਕੀਤੇ ਜਾ ਚੁੱਕੇ ਹਨ।

2) ਇਸ ਪੋਰਟਲ ਉੱਤੇ ਦਰਜ ਜਾਣਕਾਰੀ ਨੂੰ ਹਰ ਮਹੀਨੇ ਅਪਡੇਟ ਕਰਨਾ ਜਰੂਰੀ ਹੈ ਅਤੇ ਦਸੰਬਰ, 2012 ਤੋਂ ਬਾਅਦ ਅਧਿਆਪਕਾਂ, ਵਿਦਿਆਰਥੀਆਂ ਅਤੇ ਬੁਨਿਆਦੀ ਢਾਂਚੇ ਸਬੰਧੀ ਆਈ ਕਿਸੇ ਕਿਸਮ ਦੀ ਤਬਦੀਲੀ ਨੂੰ ਅਪਡੇਟ ਕਰਨ ਲਈ ਵੈਬ-ਪੋਰਟਲ ਅਧੀਨ ਅਧਿਆਪਕਾਂ, ਵਿਦਿਆਰਥੀਆਂ ਅਤੇ ਬੁਨਿਆਦੀ ਢਾਂਚੇ ਸਬੰਧੀ ਪਹਿਲਾਂ ਤੋਂ ਦਰਜ ਸਮੂਹ ਜਾਣਕਾਰੀ ਨੂੰ ਅਨਲਾਕ (unlock) ਕਰ ਦਿੱਤਾ ਗਿਆ ਹੈ। ਵੈਬ-ਪੋਰਟਲ ਉੱਤੇ ਕੁੱਝ ਨਵੇਂ ਮਡਿਊਲ ਜਿਵੇਂ ਕਿ sanctioned posts, posting status, hardware complaints, staff shifting ਆਦਿ ਅਪਡੇਟ ਕੀਤੇ ਗਏ ਹਨ।

3) ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਸਕੂਲ ਸਬੰਧੀ ਜਾਣਕਾਰੀ ਨੂੰ ਵੈਬ-ਪੋਰਟਲ ਉੱਤੇ ਸਹੀ ਅਤੇ ਰਿਕਾਰਡ ਅਨੁਸਾਰ ਅਪਡੇਟ ਕਰਵਾ ਲੈਣ ਅਤੇ ਇਸ ਜਾਣਕਾਰੀ ਨੂੰ ਚੰਗੀ ਤਰ੍ਹਾਂ ਚੈਕ ਕਰਨ ਉਪਰੰਤ ਆਪਣੀ ਨਿਗਰਾਨੀ ਹੇਠ ਅਪਰੂਵ ਕਰਵਾਉਣ।

4) ਸਕੂਲ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਨੂੰ ਅਪਡੇਟ ਕਰਨ ਲਈ ਮਿਤੀ 10-02-13 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਮਿੱਥੀ ਮਿਤੀ ਤੱਕ ਜਾਣਕਾਰੀ ਦਰਜ ਨਾ ਕਰਨ ਅਤੇ ਗਲਤ ਜਾਣਕਾਰੀ ਭਰਨ ਵਾਲੇ ਸਕੂਲ ਮੁਖੀਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇਗੀ।

5) ਇੱਥੇ ਇਹ ਦੱਸਣਾ ਵੀ ਜਰੂਰੀ ਬਣਦਾ ਹੈ ਕਿ ਮਿਤੀ 10-02-2013 ਤੋਂ ਬਾਅਦ ਸਕੂਲਾਂ ਸਬੰਧੀ ਜਾਣਕਾਰੀ ਪਬਲਿਕ domain ਉੱਤੇ ਪਾ ਦਿੱਤੀ ਜਾਵੇਗੀ।

6) ਜਿਲ੍ਹਾ ਆਈ.ਸੀ.ਟੀ. ਕੁਆਰਡੀਨੇਟਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿਚਕਾਰ ਕੀਤੀ ਸਕੂਲ ਮੈਪਿੰਗ ਸਬੰਧੀ ਮੁਕੰਮਲ ਸੂਚੀ ਸਬੰਧਤ ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ ਅਤੇ ਮੁੱਖ ਦਫਤਰ (epunjab.mis@gmail.com) ਦੀ ਈ-ਮੇਲ ਉੱਤੇ ਭੇਜ ਦੇਣ।

7) ਇਸ ਵੈਬ-ਪੋਰਟਲ ਦੀ ਮੋਨੀਟਰਿੰਗ ਜਿਲ੍ਹਾ ਅਤੇ ਬਲਾਕ ਐਮ.ਆਈ.ਐਸ. ਕੁਆਰਡੀਨੇਟਰਾਂ ਵਲੋਂ ਕੀਤੀ ਜਾ ਰਹੀ ਹੈ ਅਤੇ ਸਕੂਲਾਂ ਨੂੰ ਆਉਣ ਵਾਲੀਆਂ ਤਕਨੀਕੀ ਮੁਸ਼ਕਿਲਾਂ ਵੀ ਇਨ੍ਹਾਂ ਐਮ.ਆਈ.ਐਸ. ਕੁਆਰਡੀਨੇਟਰਾਂ ਵਲੋਂ ਹੀ ਦੂਰ ਕੀਤੀਆਂ ਜਾਂਦੀਆਂ ਹਨ।

8) ਕਿਸੇ ਕਿਸਮ ਦੀ ਜਾਣਕਾਰੀ ਜਾਂ ਤਕਨੀਕੀ ਮੁਸ਼ਕਿਲ ਲਈ ਸਬੰਧਤ ਜਿਲ੍ਹੇ ਜਾਂ ਬਲਾਕ ਦੇ ਐਮ.ਆਈ.ਐਸ. ਕੁਆਰਡੀਨੇਟਰ ਨਾਲ ਗੱਲਬਾਤ ਕੀਤੀ ਜਾਵੇ। ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰਾਂ ਦੇ ਨੰਬਰ ਅਨੁਲੱਗ "ੳ" ਉੱਤੇ ਉਪਲਬਧ ਹਨ।

**ਸਹੀ/-**

**ਸਕੱਤਰ- ਕਮ - ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ**

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-**

1) **ਜਿਲ੍ਹਾ ਐਮ.ਆਈ.ਐਸ. ਕੁਆਰਡੀਨੇਟਰ, ਪੰਜਾਬ**
2) **ਜਿਲ੍ਹਾ ਆਈ.ਸੀ.ਟੀ. ਕੁਆਰਡੀਨੇਟਰ, ਪੰਜਾਬ**